ਸਪੈਸ਼ਲ ਅਡੀਸ਼ਨ - ਗਰਮੀਆਂ 2023

# ਇਮਪਲੌਏਅਰਜ਼ ਐਡਵਾਈਜ਼ਰ

BRITISH COLUMBIA | Employers' Advisers Office

*ਇਮਪਲੌਏਅਰਜ਼ ਐਡਵਾਈਜ਼ਰ ਦੇ ਦਫਤਰ, ਲੇਬਰ ਮਨਿਸਟਰੀ, ਬੀ.ਸੀ. ਸਰਕਾਰ ਵਲੋਂ ਇਕ ਬੁਲੇਟਿਨ। ਇਮਪਲੌਏਅਰਜ਼ ਐਡਵਾਈਜ਼ਰ ਦਾ ਦਫਤਰ, ਵਰਕਰਜ਼ ਕੰਪਨਸੇਸ਼ਨ ਸਿਸਟਮ ਦੇ ਸਾਰੇ ਪੱਖਾਂ 'ਤੇ ਸਲਾਹ, ਮਦਦ, ਨੁਮਾਇੰਦਗੀ, ਅਤੇ ਸਿੱਖਿਆ ਦੀਆਂ ਸੇਵਾਵਾਂ ਦਿੰਦਾ ਹੈ।*

## ਨਵਾਂ ਲਰਨਿੰਗ ਮੈਨੇਜਮੈਂਟ ਸਿਸਟਮ (ਐੱਲ ਐੱਮ ਐੱਸ)

ਸਾਨੂੰ ਇਹ ਐਲਾਨ ਕਰਕੇ ਖੁਸ਼ੀ ਹੋ ਰਹੀ ਹੈ ਕਿ ਅਸੀਂ ਆਪਣੇ ਸੈਮੀਨਾਰਾਂ ਦੀ ਰਜਿਸਟਰੇਸ਼ਨ ਦੇ ਪ੍ਰਬੰਧ ਲਈ 29 ਅਗਸਤ ਨੂੰ ਇਕ ਨਵਾਂ ਲਰਨਿੰਗ ਮੈਨੇਜਮੈਂਟ ਸਿਸਟਮ ਸ਼ੁਰੂ ਕਰ ਰਹੇ ਹਾਂ। ਹਿੱਸਾ ਲੈਣ ਵਾਲੇ ਹੁਣ ਆਪਣੇ ਲਰਨਿੰਗ ਅਕਾਊਂਟ ਲਈ ਆਪ ਸਾਈਨ ਅੱਪ ਕਰਨਗੇ ਜਿੱਥੇ ਉਹ ਸੈਮੀਨਾਰਾਂ ਲਈ ਰਜਿਸਟਰ ਹੋ ਸਕਦੇ ਹਨ ਅਤੇ ਆਪਣੇ ਲਰਨਿੰਗ ਅਕਾਊਂਟਾਂ ਤੋਂ ਆਪਣੇ ਸਾਰੇ ਪਿਛਲੇ ਸਰਟੀਫਿਕੇਟ ਸਿੱਧੇ ਦੇਖ ਸਕਦੇ ਹਨ। ਇਕ ਸਭ ਤੋਂ ਵੱਧ ਉਡੀਕਿਆ ਜਾਣ ਵਾਲਾ ਫੀਚਰ ਇਹ ਹੈ ਕਿ ਸੈਮੀਨਾਰ ਲਈ ਰਜਿਸਟਰੇਸ਼ਨ ਹੁਣ ਇੱਕੋ ਕਦਮ ਵਿਚ ਪੂਰੀ ਹੋ ਜਾਵੇਗੀ! ਇਸ ਦੇ ਇਲਾਵਾ, ਈ ਏ ਓ ਸਾਡੇ ਸਾਰੇ ਵਰਚੂਅਲ ਸੈਮੀਨਾਰ ਸੈਸ਼ਨਾਂ ਲਈ ਹੁਣ ਜ਼ੂਮ ਪਲੇਟਫਾਰਮ ਵਰਤ ਰਿਹਾ ਹੈ। ਕਿਰਪਾ ਕਰਕੇ ਯਾਦ ਰੱਖੋ ਕਿ ਜੇ ਤੁਸੀਂ ਸਾਡੇ ਕਿਸੇ ਵਰਚੂਅਲ ਜਾਂ ਹਾਜ਼ਰੀ ਵਾਲੇ ਸੈਮੀਨਾਰ ਵਿਚ ਸ਼ਾਮਲ ਹੋਣਾ ਚਾਹੁੰਦੇ ਹੋ ਤਾਂ ਤੁਹਾਡੇ ਲਈ ਸੈਸ਼ਨ ਸ਼ੁਰੂ ਹੋਣ ਤੋਂ ਪਹਿਲਾਂ ਰਜਿਸਟਰ ਹੋਣਾ ਜ਼ਰੂਰੀ ਹੈ।

ਸਾਡੇ ਨਵੇਂ ਐੱਲ ਐੱਮ ਐੱਸ ਤੱਕ ਪਹੁੰਚ ਕਰਨ ਲਈ ਲਿੰਕ ਇਹ ਹੈ:
https://eao-employersseminars.labour.gov.bc.ca/

## ਸਾਡੇ ਨਵੇਂ ਐੱਲ ਐੱਮ ਐੱਸ ਬਾਰੇ ਤੁਹਾਨੂੰ ਕੀ ਜਾਣਨ ਦੀ ਲੋੜ ਹੈ:

- ਸੈਮੀਨਾਰ ਵਿਚ ਹਿੱਸਾ ਲੈਣ ਵਾਲੇ ਸਾਰਿਆਂ ਲਈ ਆਪਣਾ ਔਨਲਾਈਨ ਲਰਨਿੰਗ ਅਕਾਊਂਟ ਬਣਾਉਣਾ ਜ਼ਰੂਰੀ ਹੈ।
- ਨਿੱਜੀ ਔਨਲਾਈਨ ਲਰਨਿੰਗ ਅਕਾਊਂਟਾਂ ਦੀ ਵਰਤੋਂ ਭਵਿੱਖ ਦੇ ਸਾਰੇ ਕੋਰਸਾਂ ਦੀ ਚੋਣ ਕਰਨ ਲਈ ਕੀਤੀ ਜਾਵੇਗੀ।
- ਕਿਰਪਾ ਕਰਕੇ ਹਰ ਸੈਮੀਨਾਰ ਸੈਸ਼ਨ ਵਾਸਤੇ ਸਿਰਫ ਇਕ ਸੀਟ ਲਈ ਰਜਿਸਟਰ ਹੋਵੋ।
- ਸਿਰਫ ਉਨ੍ਹਾਂ ਲੋਕਾਂ ਨੂੰ ਹੀ ਸਰਟੀਫਿਕੇਟ ਮਿਲੇਗਾ ਜਿਹੜੇ ਸੈਮੀਨਾਰ ਲਈ ਰਜਿਸਟਰ ਹੋਣਗੇ।
- ਸੈਮੀਨਾਰ ਵਿਚ ਹਿੱਸਾ ਲੈਣ ਵਾਲੇ ਆਪਣੇ ਲਰਨਿੰਗ ਅਕਾਊਂਟਾਂ ਤੋਂ ਸਾਮੱਗਰੀ ਅਤੇ ਸਰਟੀਫਿਕੇਟਾਂ ਤੱਕ ਪਹੁੰਚ ਕਰਨ ਦੇ ਯੋਗ ਹੋਣਗੇ।
- ਹੋਰ ਜਾਣਕਾਰੀ ਲਈ, ਸਾਡੇ ਨਵੇਂ ਆਮ ਪੁੱਛੇ ਜਾਂਦੇ ਸਵਾਲ ਅਤੇ ਟਰੇਨਿੰਗ ਦੀਆਂ ਵੀਡਿਓਜ਼ ਦੇਖੋ।

## ਫਾਲ 2023 ਦੇ ਸੈਮੀਨਾਰਾਂ ਦੀ ਸਮਾਂ-ਸੂਚੀ:

ਈ ਏ ਓ ਦੇ ਫਾਲ 2023 ਸੈਮੀਨਾਰ ਦੀ ਸਮਾਂ-ਸੂਚੀ ਹੁਣ ਸਾਰੇ ਵਰਚੂਅਲ ਅਤੇ ਹਾਜ਼ਰੀ ਵਾਲੇ ਸੈਸ਼ਨਾਂ ਲਈ ਉਪਲਬਧ ਹੈ।

ਇਨਟੀਰੀਅਰ ਲਈ ਹਾਜ਼ਰੀ ਵਾਲੇ ਹੋਰ ਸੈਮੀਨਾਰ ਬਾਅਦ ਦੀ ਤਾਰੀਕ ਵਿਚ ਸ਼ਾਮਲ ਕੀਤੇ ਜਾਣਗੇ।

ਨੋਟ: ਨਵੇਂ ਜੋਆਇੰਟ ਕਮੇਟੀ ਮੈਂਬਰਾਂ ਲਈ ਟਰੇਨਿੰਗ ਸਿਰਫ ਵਰਚੂਅਲੀ ਉਪਲਬਧ ਹੈ।

## ਸੈਮੀਨਾਰ ਦੇ ਵਿਸ਼ੇ:

- ਵਰਕਸੇਫ ਬੀ ਸੀ ਬਾਰੇ ਜਾਣਕਾਰੀ
- ਡਿਊ ਡਿਲੀਜੈਂਸ (ਯੋਗ ਉੱਦਮ)
- ਹੈਜ਼ਰਡ ਆਈ ਡੀ ਅਤੇ ਕੰਮ ਦੀ ਥਾਂ ਦੀਆਂ ਇੰਸਪੈਕਸ਼ਨਾਂ
- ਘਟਨਾ ਦੀ ਪੜਤਾਲ
- ਓ ਐੱਸ ਐੱਚ ਪ੍ਰੋਗਰਾਮ
- ਕਲੇਮਾਂ ਦੇ ਪ੍ਰਬੰਧ - ਬੁਨਿਆਦੀ ਗੱਲਾਂ
- ਕਲੇਮਾਂ ਦੇ ਪ੍ਰਬੰਧ - ਕੰਮ 'ਤੇ ਰਹਿਣਾ/ਕੰਮ 'ਤੇ ਵਾਪਸ ਜਾਣਾ
- ਜੋਆਇੰਟ ਕਮੇਟੀ ਦੇ ਨਵੇਂ ਮੈਂਬਰਾਂ ਦੀ ਟਰੇਨਿੰਗ



**ਸਾਡੇ ਨਾਲ ਸੰਪਰਕ ਕਰੋ**
**ਫੋਨ: 1-800-925-2233; ਫੈਕਸ: 1-855-664-7993**
www.gov.bc.ca/employersadvisers
ਇਨਕੁਆਰੀਆਂ/ਸਬਸਕਰਾਈਬ/ਅਨਸਬਸਕਰਾਈਬ: EAO@eao-bc.org